# ਸਾਹਿਤਕ ਚਿੰਤਨ ਵਾਸਤੇ ਸਿਧਾਂਤ ਦੀ ਲੋੜ

ਵਿਚਾਰ-ਚਰਚਾ



ਗੁਰਸ਼ਰਨ ਸਿੰਘ

ਨਾਵਲਕਾਰ ਗੁਰਦਿਆਲ ਸਿੰਘ ਹੁਰਾਂ ਨੂੰ ਗਿਆਨਪੀਠ ਪੁਰਸਕਾਰ ਮਿਲਣ ਤੋਂ ਬਾਅਦ ਉਨ੍ਹਾਂ ਬਾਰੇ ਬਹੁਤ ਕੁੱਝ ਪੜ੍ਹਨ ਨੂੰ ਮਿਲਿਆ ਹੈ। ਇਕ ਰੂ-ਬ-ਰੂ ਪ੍ਰੋਗਰਾਮ ਵਿਚ ਉਨ੍ਹਾਂ ਦੀ ਸਿਰਜਣਾਤਮਕ ਪ੍ਰਕਿਰਿਆ ਬਾਰੇ ਉਨ੍ਹਾਂ ਦੀ ਆਪਣੀ ਜ਼ੁਬਾਨੀ ਵੀ ਸੁਣਨ ਦਾ ਮੌਕਾ ਮਿਲਿਆ ਹੈ ਪਰ ਟੀ. ਆਰ. ਵਿਨੋਦ ਦਾ ਉਨ੍ਹਾਂ ਬਾਰੇ ਲਿਖਿਆ ਲੇਖ 'ਨਾਵਲਕਾਰ ਗੁਰਦਿਆਲ ਸਿੰਘ ਦੀ ਵਿਲੱਖਣਤਾ' (ਪੰਜਾਬੀ ਟ੍ਰਿਬਿਊਨ ਐਤਵਾਰ 18 ਜੂਨ 2000) ਬੜਾ ਹੀ ਪ੍ਰਭਾਵਸ਼ਾਲੀ ਅਤੇ ਦੂਜਿਆਂ ਤੋਂ ਵੱਖ ਲੱਗਿਆ। ਇਹ ਲੇਖ ਸਾਂਭਣ ਵਾਲਾ ਵੀ ਹੈ ਅਤੇ ਇਸ ਬਾਰੇ ਵਿਚਾਰ-ਚਰਚਾ ਵੀ ਜ਼ਰੂਰੀ ਹੈ, ਕਿਉਂਕਿ ਇਹ ਉਸ ਸਿਧਾਂਤ 'ਤੇ ਆਧਾਰਤ ਚਿੰਤਨ ਉੱਤੇ ਚਾਨਣ ਪਾਉਂਦਾ ਹੈ ਅਤੇ ਨਾਲ ਹੀ ਸਪੱਸ਼ਟਤਾ ਨਾਲ ਦੱਸਦਾ ਹੈ ਕਿ ਥਾਟ (THOUGHT) ਦੀ ਕਿਸੇ ਕਲਾ ਕ੍ਰਿਤ 'ਤੇ ਕੀ ਮਹੱਤਤਾ ਹੁੰਦਾ ਹੈ।

ਮੈਂ ਇਕ ਨਿੱਜੀ ਗੱਲ ਕਰਾਂ ਤਾਂ ਅੱਜ ਤੋਂ 40 ਸਾਲ ਪਹਿਲਾਂ ਮੇਰੀ ਇਕ ਪਾਠਕ ਦੇ ਤੌਰ 'ਤੇ ਗੁਰਦਿਆਲ ਸਿੰਘ ਹੁਰਾਂ ਨਾਲ ਸਾਂਝ ਬਣੀ। ਉਸ ਵੇਲੇ ਤੱਕ ਉਨ੍ਹਾਂ ਦਾ ਪਹਿਲਾ ਨਾਵਲ 'ਮੜ੍ਹੀ ਦਾ ਦੀਵਾ' ਹਾਲੇ ਛਪਿਆ ਨਹੀਂ ਸੀ। ਉਨ੍ਹਾਂ ਦੀਆਂ ਕਹਾਣੀਆਂ ਪ੍ਰੀਤਲੜੀ ਵਿਚ ਬਾਕਾਇਦਗੀ ਨਾਲ ਆਉਂਦੀਆਂ ਸਨ। ਮੈਂ ਪ੍ਰੀਤਲੜੀ ਅਤੇ ਹੋਰ ਰਸਾਲਿਆਂ ਵਿਚੋਂ ਚੰਗੀਆਂ ਕਹਾਣੀਆਂ ਚੁਣ ਕੇ ਉਨ੍ਹਾਂ ਦੀ ਜਿਲਦ ਕਰਵਾ ਕੇ ਸਾਂਭ ਕੇ ਰੱਖਦਾ ਸੀ। ਉਨ੍ਹਾਂ ਉੱਤੇ ਟਿੱਪਣੀ ਵੀ ਇਕ ਪਾਸੇ ਦਰਜ ਕਰ ਦੇਂਦਾ ਸੀ। ਮੈਂ ਆਪ ਮਾਰਕਸਵਾਦੀ ਸਿਧਾਂਤ ਨਾਲ ਪੂਰੀ ਤਰ੍ਹਾਂ ਜੁੜਿਆ ਹੋਇਆ ਹਾਂ ਭਾਵੇਂ ਗੁਰਦਿਆਲ ਸਿੰਘ ਦੇ ਉਲਟ ਇਕ ਅਫ਼ਸਰ ਘਰ ਵਿਚ ਜਨਮ ਲੈਣ ਕਰਕੇ ਅਤੇ ਆਪ ਵੀ ਬਾਅਦ ਵਿਚ ਇਕ ਅਫ਼ਸਰ ਰਿਹਾ ਹੋਣ ਕਰਕੇ ਮੈਂ ਜ਼ਿੰਦਗੀ ਵਿਚ ਕਦੀ ਵੀ ਕੋਈ ਥੁੜ ਮਹਿਸੂਸ ਨਹੀਂ ਕੀਤੀ ਪਰ ਮੇਰੀ ਸਿਧਾਂਤਕ ਸਾਂਝ ਨਿਮਨ ਵਰਗ ਦੇ ਲੋਕਾਂ ਨਾਲ ਹੀ ਰਹੀ ਹੈ। ਮੇਰੇ ਨਾਟਕ ਵੀ ਉਸ ਸਿਧਾਂਤ ਦੀ ਹੀ ਦੇਣ ਹਨ। ਅੱਜ ਮੈਂ ਜਦੋਂ 1960-64 ਦੀ ਜਿਲਦ ਵੇਖ ਰਿਹਾ ਹਾਂ ਤਾਂ ਉਸ ਵਿਚ ਸ਼ਾਮਲ ਗੁਰਦਿਆਲ ਸਿੰਘ ਦੀਆਂ ਚਾਰ ਕਹਾਣੀਆਂ ਬਾਰੇ ਮੇਰੀਆਂ ਟਿੱਪਣੀਆਂ ਹੇਠ ਪ੍ਰਕਾਰ ਹਨ:

ਨਧਾਨਾ ਅਧਮਾਣੂੰ (ਪ੍ਰੀਤਲੜੀ ਅਪ੍ਰੈਲ 1960)--ਕਮਾਲ ਦੀ ਕਹਾਣੀ ਅੰਨ੍ਹੇ ਊਠ, ਮੁਹਾਰਾਂ ਪੱਟ ਦੀਆਂ (ਪ੍ਰੀਤਲੜੀ ਅਕਤੂਬਰ 1961) ਚੰਗੀ ਕਹਾਣੀ ਕਰੀਰ ਦੀ ਢਿੰਗਰੀ (ਪ੍ਰੀਤਲੜੀ ਜਨਵਰੀ 1964) ਇਕ ਸ਼ਾਹਕਾਰ ਕਹਾਣੀ ਬੰਨ੍ਹ ਟੁੱਟ ਗਿਆ (ਪ੍ਰੀਤਲੜੀ ਅਕਤੂਬਰ 1963) ਵਰਗ ਚੇਤਨਾ ਦੀ ਵਧੀਆ ਕਹਾਣੀ। ਇਹ ਟਿੱਪਣੀਆਂ ਆਪਣੇ ਆਪ ਵਿਚ ਵਿਨੋਦ ਹੁਰਾਂ ਦੀ ਧਾਰਨਾ ਦੀ ਪੁਸ਼ਟੀ ਕਰਦੀਆਂ ਹਨ। ਜਦੋਂ ਮੈਂ ਉਨ੍ਹਾਂ ਦਾ ਲੇਖ ਪੜ੍ਹਿਆ ਤਾਂ ਮੈਂ ਕਹਿ ਸਕਦਾ ਹਾਂ ਕਿ ਸਾਹਿਤ ਦੇ ਮੁਲਾਂਕਣ ਅਤੇ ਪਹਿਚਾਣ ਵਾਸਤੇ ਸਿਧਾਂਤ ਇਕ ਵਿਸ਼ੇਸ਼ ਥਾਂ ਰੱਖਦਾ ਹੈ। ਇਕ ਕਹਾਣੀ ਪੜ੍ਹ ਕੇ ਇਕ ਵਿਸ਼ੇਸ਼ ਸੋਚ ਵਾਲਾ ਆਲੋਚਕ ਕਹਿ ਸਕਦਾ ਹੈ 'ਐਵੇਂ ਭਾਵੁਕਤਾ' ਅਧੀਨ ਲਿਖੀ ਕਹਾਣੀ। ਦੂਜਾ ਕਹਿ ਸਕਦਾ ਹੈ 'ਫੋਕਾ ਆਦਰਸ਼ਵਾਦ'। ਤੀਜਾ ਉਸੇ ਬਾਰੇ ਕਹਿ ਸਕਦਾ ਹੈ 'ਵਰਗ ਚੇਤਨਾ ਵਾਲੀ ਕਮਾਲ ਦੀ ਕਹਾਣੀ।' ਪੰਜਾਬੀ ਆਲੋਚਨਾ ਵਿਚ ਹੁਣ ਸਿਧਾਂਤ ਦੀ ਮਹੱਤਤਾ ਬਾਰੇ ਬਹਿਸ

ਹੀ ਇਹੋ ਹੈ। ਸਿਧਾਂਤ ਸਿਆਸਤ ਵੀ ਹੈ ਅਤੇ ਨਾਲ ਹੀ ਚਿੰਤਨ ਦਾ ਵੀ ਹਿੱਸਾ ਹੈ। ਇਸ ਬਾਰੇ ਸਾਫ਼ ਹੋਣਾ ਜ਼ਰੂਰੀ ਹੈ। ਵਿਨੋਦ ਹੁਰਾਂ ਦੇ ਲੇਖ ਵਿਚੋਂ ਟੂਕਾਂ ਦੇ ਕੇ ਇੱਥੇ ਇਹ ਗੱਲ ਸਪੱਸ਼ਟ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਡਾ. ਵਿਨੋਦ ਹੁਰਾਂ ਅਨੁਸਾਰ: 'ਗੁਰਦਿਆਲ ਸਿੰਘ ਨੇ ਉਦੋਂ ਕਹਾਣੀ ਲਿਖਣੀ ਸ਼ੁਰੂ ਕੀਤੀ ਸੀ ਜਦੋਂ ਪ੍ਰਗਤੀਵਾਦੀ ਸਾਹਿਤਧਾਰਾ ਦੇ ਰੁਮਾਂਟਿਕ ਆਦਰਸ਼ਵਾਦੀ ਰੁਝਾਨ ਵਿਰੁੱਧ ਅਕਾਦਮਿਕ ਹਲਕਿਆਂ ਵਿਚ ਖਾਸਾ ਜਹਾਦ ਉੱਠ ਖੜ੍ਹਾ ਹੋਇਆ ਸੀ ਅਤੇ ਪ੍ਰਗਤੀਵਾਦੀ ਸਾਹਿਤ ਦੇ ਇਸ ਦੋਸ਼ ਦੇ ਆਧਾਰ 'ਤੇ ਆਦਰਸ਼ਵਾਦ ਦੇ ਨਾਲ ਆਦਰਸ਼ਾਂ ਨੂੰ ਵੀ ਤਿਆਗ ਦੇਣ ਦੀ ਰੁਚੀ ਚੌਧਰਾਣੀ ਬਣ ਬੈਠੀ ਸੀ। ਉਸ ਸਮੇਂ ਦੀ ਲੋੜ ਤਾਂ ਇਹ ਸੀ ਕਿ ਸੰਸਾਰ-ਸਾਮਰਾਜ ਦੀ ਭਾਈਵਾਲ ਦੇਸੀ ਸਰਮਾਏਦਾਰੀ ਵੱਲੋਂ ਚੁਕੇ ਕਦਮਾਂ ਦੀ ਲੋਕ-ਪੱਖੀ ਦ੍ਰਿਸ਼ਟੀ ਤੋਂ ਤਿੱਖੀ ਚੀਰ ਫਾੜ ਕੀਤੀ ਜਾਂਦੀ ਤਾਂ ਜੋ ਭਾਰਤ ਦੇ ਲੋਕਾਂ ਨੂੰ ਮੌਜੂਦਾ ਸਿਆਸੀ ਸੰਕਟ ਦਾ ਮੂੰਹ ਨਾ ਵੇਖਣਾ ਪੈਂਦਾ ਅਤੇ ਮੁਲਕ ਨੂੰ ਬਹੁਕੌਮੀ ਕੰਪਨੀਆਂ ਕੋਲ ਗਹਿਣੇ ਪਾਉਣ/ਬੈਅ ਕਰਾਉਣ ਲਈ ਮਜਬੂਰ ਨਾ ਹੋਣਾ ਪੈਂਦਾ ਪਰ ਹੋਇਆ ਇਸ ਦੇ ਉਲਟ। ਭਾਰਤ ਦੇ ਲੰਗੜੇ ਆਰਥਿਕ ਵਿਕਾਸ ਦੀ ਲੁੱਟ-ਖਸੁੱਟ ਵਿਚੋਂ ਅਧਿਆਨੀ ਚੁਰੂ ਬੰਦਿਆਂ ਨੇ ਪ੍ਰਯੋਗਵਾਦ ਦੀ ਅਜਿਹੀ ਹਨੇਰੀ ਵਗਾਈ ਕਿ ਪਿਛਲੇ ਸੈਂਕੜੇ ਵਰ੍ਹਿਆਂ ਤੋਂ, ਸੂਫ਼ੀਆਂ, ਗੁਰੂਆਂ, ਭਗਤਾਂ ਤੇ ਕਿੱਸਾ ਕਵੀਆਂ ਵੱਲੋਂ ਸਿਰਜਿਆ ਜਾਣ ਵਾਲਾ ਲੋਕਮੁਖੀ ਸਾਹਿਤ ਟਿੱਬਿਆਂ ਦੇ ਰੇਤੇ ਵਾਂਗ ਖਿੰਡ-ਪੁੰਡ ਗਿਆ। ਸੱਠਵਿਆਂ ਵਿਚ ਸ਼ੁਰੂ ਹੋਇਆ ਇਹ ਰੁਝਾਨ ਵਿਅਕਤੀਵਾਦ, ਵਿਧੀਵਾਦ, ਨਾਰੀਵਾਦ, ਹੋਂਦਵਾਦ, ਆਧੁਨਿਕਵਾਦ ਅਤੇ ਉੱਤਰ-ਆਧੁਨਿਕਵਾਦ ਵਰਗੇ ਨਿਗੂਣੇ ਵਾਦਾਂ ਦੇ ਰੂਪ ਵਿਚ ਅੱਜ ਵੀ ਸਾਡੇ 'ਵਿਦਵਾਨਾਂ' ਦੀ ਬੁੱਧੀ 'ਤੇ ਛਾਇਆ ਹੋਇਆ ਹੈ। ਗੁਰਦਿਆਲ ਸਿੰਘ ਇਸ ਤਰ੍ਹਾਂ ਦੇ ਆਧੁਨਿਕਵਾਦੀ (ਥੋਥੇ) ਰੁਝਾਨਾਂ ਨੂੰ ਮੁੱਢ ਤੋਂ ਹੀ ਨਕਾਰਦਾ ਆਇਆ ਹੈ, ਉਹਦੇ ਮਨਚਾਹੇ ਪਾਤਰ 'ਹਵੇਲੀ ਸੱਭਿਆਚਾਰ' ਨੂੰ ਨਫ਼ਰਤ ਕਰਦੇ ਹਨ ਪਰ ਕੋਠੀ ਕਲਚਰ ਨਾਲ ਵੀ ਉਨ੍ਹਾਂ ਦੀ ਸੁਰ ਨਹੀਂ ਮਿਲਦੀ। ਉਸ ਦੀਆਂ ਨਜ਼ਰਾਂ ਵਿਚ ਇਸ ਦਾ ਮੂਲ ਕਾਰਨ ਤਕਨੀਕੀ ਜਾਂ ਚੇਤਨਾਗਤ ਪਛੜੇਵਾਂ ਨਹੀਂ, ਪਛੜੇ ਹੋਏ ਸਮਾਜਿਕ ਆਰਥਿਕ ਰਿਸ਼ਤੇ ਹਨ ਜਿਨ੍ਹਾਂ ਨੇ ਮਨੁੱਖ ਜਾਤੀ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਹੋਇਆ ਹੈ।

ਟੀ. ਆਰ. ਵਿਨੋਦ ਹੁਰਾਂ ਦਾ ਇਹ ਲੇਖ ਵਿਸਥਾਰ ਨਾਲ ਗੁਰਦਿਆਲ ਸਿੰਘ ਹੁਰਾਂ ਦੇ ਸਿਰਜੇ ਹੋਏ ਅਮਰ ਪਾਤਰਾਂ ਨੂੰ ਗੁਰਦਿਆਲ ਸਿੰਘ ਦੇ ਚਿੰਤਨ ਦੀ ਦੇਣ ਸਾਬਤ ਕਰਦਾ ਹੈ, ਜੋ ਸਿਧਾਂਤ 'ਤੇ ਅਧਾਰਤ ਹੈ। ਹਵੇਲੀ ਸੱਭਿਆਚਾਰ (ਜਗੀਰੂ) ਤੋਂ ਕੋਠੀ ਕਲਚਰ (ਸਰਮਾਏਦਾਰੀ) ਦਾ ਪੰਜਾਬੀ ਭਾਈਚਾਰੇ ਦਾ ਸਫ਼ਰ ਗੁਰਦਿਆਲ ਸਿੰਘ ਤਾਂ ਹੀ ਏਨੀ ਡੂੰਘੀ ਤਰ੍ਹਾਂ ਪੇਸ਼ ਕਰ ਸਕਿਆ ਹੈ, ਕਿਉਂਕਿ ਗੁਰਦਿਆਲ ਸਿੰਘ ਸਿਧਾਂਤ ਨਾਲ ਲੈੱਸ ਹੈ। ਇਹੀ ਗੁਰਦਿਆਲ ਸਿੰਘ ਦੀ ਵਿਲੱਖਣਤਾ ਹੈ। ਨਵੇਂ ਲੇਖਕਾਂ ਵਿਚ ਜਿਹੜੀ ਇਹ ਰੁਚੀ ਵੇਖਣ ਨੂੰ ਆ ਰਹੀ ਹੈ ਕਿ ਉਹ ਸਿਧਾਂਤ ਨੂੰ ਸਿਆਸਤ ਕਰਾਰ ਦੇ ਕੇ ਇਸ ਤੋਂ ਦੂਰ ਭੱਜਦੇ ਹਨ, ਉਨ੍ਹਾਂ ਨੂੰ ਸਮਝਣਾ ਚਾਹੀਦਾ ਹੈ ਕਿ ਸਮਾਜ ਦੀ ਕੋਈ ਵੀ ਵਿਆਖਿਆ ਸਿਧਾਂਤ ਤੋਂ ਬਿਨਾ ਡੂੰਘੀ ਤਰ੍ਹਾਂ ਨਹੀਂ ਹੋ ਸਕਦੀ। ਚਿੰਤਨ ਨੂੰ ਇਸ ਦਾ ਆਧਾਰ ਬਣਾਉਣਾ ਜ਼ਰੂਰੀ ਹੈ। ਚੰਗੀ ਸਾਹਿਤ ਰਚਨਾ ਵੀ